BC CANCER
Provincial Health Services Authority

# ਘਰ ਵਿੱਚ ਕੈਂਸਰ ਦੀਆਂ ਦਵਾਈਆਂ ਅਤੇ ਸਰੀਰ ਦੇ ਤਰਲ ਪਦਾਰਥਾਂ ਦੀ ਸੰਭਾਲ (Handling Cancer Drugs and Body Fluids in the Home)

ਇਹ ਹੈਂਡਆਊਟ ਕੈਂਸਰ ਦੇ ਮਰੀਜ਼ਾਂ, ਪਰਿਵਾਰਕ ਮੈਂਬਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਹੈ। ਇਸ ਵਿੱਚ ਕੈਂਸਰ ਦੀਆਂ ਦਵਾਈਆਂ ਲੈਣ ਦੇ ਦੌਰਾਨ ਅਤੇ ਬਾਅਦ ਵਿੱਚ ਘਰ ਵਿੱਚ ਕੈਂਸਰ ਦੀਆਂ ਦਵਾਈਆਂ ਅਤੇ ਮਰੀਜ਼ਾਂ ਦੇ ਸਰੀਰ ਦੇ ਤਰਲ ਪਦਾਰਥਾਂ ਨੂੰ ਕਿਵੇਂ ਸੰਭਾਲਣਾ ਹੈ ਬਾਰੇ ਸਲਾਹ ਸ਼ਾਮਲ ਹੈ।

## ਕੈਂਸਰ ਦੀਆਂ ਦਵਾਈਆਂ ਨੂੰ ਸੰਭਾਲਣਾ (Handling Cancer Drugs)

- ਦੇਖਭਾਲ ਕਰਨ ਵਾਲਿਆਂ ਨੂੰ ਕੈਂਸਰ ਦੀ ਕਿਸੇ ਵੀ ਦਵਾਈ ਨੂੰ ਛੂਹਣ ਵੇਲੇ ਵੇਲੇ ਦਸਤਾਨੇ (ਰਬੜ ਜਾਂ ਡਾਕਟਰੀ ਜਾਂਚ ਦੇ ਦਸਤਾਨੇ) ਪਹਿਨਣੇ ਚਾਹੀਦੇ ਹਨ।
- ਦਸਤਾਨੇ ਉਤਾਰਨ 'ਤੇ ਸਾਬਣ ਅਤੇ ਪਾਣੀ ਨਾਲ ਹੱਥ ਧੋਵੋ।
- ਜਿਹੜੇ ਲੋਕ ਕੈਂਸਰ ਦੀਆਂ ਦਵਾਈਆਂ ਲੈ ਰਹੇ ਹਨ, ਉਨ੍ਹਾਂ ਨੂੰ ਦਸਤਾਨੇ ਪਹਿਨਣ ਦੀ ਲੋੜ ਨਹੀਂ ਹੈ, ਪਰ ਕਿਸੇ ਵੀ ਕੈਂਸਰ ਦੀ ਦਵਾਈ ਨੂੰ ਸੰਭਾਲਣ ਤੋਂ ਬਾਅਦ ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਧੋਣੇ ਚਾਹੀਦੇ ਹਨ।

## ਮੂੰਹ ਰਾਂਹੀ ਲਈਆਂ ਜਾਣ ਵਾਲੀਆਂ ਗੋਲੀਆਂ ਅਤੇ ਕੈਪਸੂਲ (Oral tables and capsules)

- ਕੈਂਸਰ ਦੀਆਂ ਦਵਾਈਆਂ ਦੀਆਂ ਗੋਲੀਆਂ ਨੂੰ ਪੀਸਿਆ, ਤੋੜਿਆ ਜਾਂ ਚਬਾਇਆ ਨਹੀਂ ਜਾਣਾ ਚਾਹੀਦਾ; ਕੈਪਸੂਲ, ਖੋਲ੍ਹਣਾ ਨਹੀਂ ਚਾਹੀਦਾ, ਜਦ ਤਕ ਕਿ ਇਸਦੇ ਨਿਰਦੇਸ਼ ਫਾਰਮਾਸਿਸਟ ਦੁਆਰਾ ਨਾ ਦਿੱਤੇ ਗਏ ਹੋਣ।
- ਜੇਕਰ ਤੁਹਾਡੇ ਲਈ ਗੋਲੀਆਂ ਜਾਂ ਕੈਪਸੂਲ ਨੂੰ ਨਿਗਲਣਾ ਔਖਾ ਹੈ, ਤਾਂ ਕਿਰਪਾ ਕਰਕੇ ਫਾਰਮਾਸਿਸਟ ਨਾਲ ਸੰਪਰਕ ਕਰੋ ।

## ਇਨਫਿਊਜ਼ਨ ਪੰਪ (ਇਨਫਿਊਜ਼ਰ™): Infusion pump (Infusor™):

- ਕੀਮੋਥੈਰੇਪੀ ਨਰਸ ਤੁਹਾਨੂੰ ਸਿਖਾਏਗੀ ਕਿ InfusorTM ਦੀ ਦੇਖਭਾਲ ਕਿਵੇਂ ਕਰਨੀ ਹੈ ।
- ਜੇਕਰ InfusorTM ਦੁਆਰਾ ਦਿੱਤੀ ਗਈ ਕੈਂਸਰ ਦੀ ਦਵਾਈ ਗਲਤੀ ਨਾਲ ਕੰਟੇਨਰ ਵਿੱਚੋਂ ਲੀਕ ਹੋ ਜਾਂਦੀ ਹੈ, ਤਾਂ ਲੀਕ ਨੂੰ ਰੋਕੋ, ਸਪਿਲ ਨੂੰ ਸਾਫ਼ ਕਰੋ (ਦੇਖੋ ਪੰਨਾ 2 – ਡੁੱਲੀ ਹੋਈ ਕੈਂਸਰ ਦੀ ਦਵਾਈ ਨੂੰ ਕਿਵੇਂ ਸਾਫ਼ ਕਰਨਾ ਹੈ) ਅਤੇ ਕੀਮੋਥੈਰੇਪੀ ਨਰਸ ਦੁਆਰਾ ਪ੍ਰਦਾਨ ਕੀਤੇ ਗਏ ਦਿਨ ਦੇ ਸਮੇਂ ਜਾਂ ਬਾਦ ਦੇ ਘੰਟਿਆਂ ਲਈ ਦਿੱਤੇ ਸੰਪਰਕ ਨੰਬਰ 'ਤੇ ਫੋਨ ਕਰੋ ।

## ਕੈਂਸਰ ਦੀਆਂ ਦਵਾਈਆਂ ਨੂੰ ਸਟੋਰ ਕਰਨਾ (Storing cancer drugs)

- ਕੈਂਸਰ ਦੀਆਂ ਦਵਾਈਆਂ ਬੱਚਿਆਂ ਅਤੇ ਪਾਲਤੂ ਜਾਨਵਰਾਂ ਤੋਂ ਦੂਰ ਰੱਖੋ ।
- ਨਾ ਵਰਤੀਆਂ ਗਈਆਂ ਕੈਂਸਰ ਦਵਾਈਆਂ ਨੂੰ ਡਿਸਪੋਜ਼ ਲਈ ਫਾਰਮੇਸੀ ਵਿੱਚ ਵਾਪਸ ਕਰਨਾ ਚਾਹੀਦਾ ਹੈ ।

## ਸਰੀਰ ਦੇ ਤਰਲ ਪਦਾਰਥਾਂ ਨੂੰ ਸੰਭਾਲਣਾ (Handling Body Fluids)

ਜਦੋਂ ਤੁਸੀਂ ਕੈਂਸਰ ਦੀਆਂ ਦਵਾਈਆਂ ਲੈ ਰਹੇ ਹੋ, ਤਾਂ ਤੁਹਾਡੇ ਸਰੀਰ ਦੇ ਤਰਲ ਪਦਾਰਥਾਂ ਵਿੱਚ ਥੋੜ੍ਹੀ ਮਾਤਰਾ ਵਿੱਚ ਉਹ ਦਵਾਈ ਹੋਵੇਗੀ, ਜੋ ਤੁਸੀਂ ਲੈ ਰਹੇ ਹੋ। ਹਾਲਾਂਕਿ ਇਹ ਦਵਾਈ ਤੁਹਾਡੀ ਮਦਦ ਕਰੇਗੀ, ਪੁਰ ਉਹਨਾਂ ਲੋਕਾਂ ਲਈ ਸਮੱਸਿਆਵਾਂ ਪੈਦਾ ਕਰ ਸਕਦੀ ਹੈ ਜੋ ਗਲਤੀ ਨਾਲ ਇਸਦੇ ਸੰਪਰਕ ਵਿੱਚ ਆਉਂਦੇ ਹਨ, ਪਰ ਉਹਨਾਂ ਨੂੰ ਇਸਦੀ ਲੋੜ ਨਹੀਂ ਹੈ।

ਸਰੀਰ ਦੇ ਤਰਲ ਪਦਾਰਥਾਂ ਦੀਆਂ ਕੁਝ ਉਦਾਹਰਣਾਂ ਜਿਨ੍ਹਾਂ ਵਿੱਚ ਕੈਂਸਰ ਦੀ ਦਵਾਈ ਸ਼ਾਮਲ ਹੋਵੇਗੀ: ਅੰਤੜੀਆਂ ਦੀ ਹਰਕਤ (ਪੂ), ਪਿਸ਼ਾਬ (ਪੀ ), ਖੂਨ, ਬਲਗਮ, ਲਾਰ, ਉਲਟੀ, ਵੀਰਜ ਅਤੇ ਯੋਨੀ ਤਰਲ। ਹਾਲਾਂਕਿ ਜੋਖਮ ਬਹੁਤ ਘੱਟ ਹੈ, ਪਰ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਆਪਣੇ ਸਰੀਰ ਦੇ ਤਰਲ ਪਦਾਰਥਾਂ ਦਾ ਖਿਆਲ ਰੱਖਣਾ ਮਹੱਤਵਪੂਰਨ ਹੈ।

### ਸਾਨੂੰ ਕਿੰਨਾ ਚਿਰ ਸਾਵਧਾਨ ਰਹਿਣ ਦੀ ਲੋੜ ਹੈ? (How long do we need to be careful?)

ਇੱਕ ਇਲਾਜ ਦੇ ਬਾਅਦ 48 ਘੰਟਿਆਂ ਲਈ ਸਰੀਰ ਦੇ ਤਰਲ ਪਦਾਰਥਾਂ ਦੀ ਵਿਸ਼ੇਸ਼ ਸੰਭਾਲ ਦੀ ਲੋੜ ਹੁੰਦੀ ਹੈ। ਜੇ ਕੈਂਸਰ ਦੀ ਦਵਾਈ ਹਰ ਰੋਜ਼ ਲਈ ਜਾਂਦੀ ਹੈ, ਤਾਂ ਤੁਹਾਡੇ ਦੁਆਰਾ ਦਵਾਈ ਲੈਣੀ ਬੰਦ ਕਰਨ ਤੋਂ 48 ਘੰਟਿਆਂ ਬਾਅਦ, ਪੂਰੇ ਸਮੇਂ ਲਈ ਵਿਸ਼ੇਸ਼ ਪ੍ਰਬੰਧਨ ਦੀ ਲੋੜ ਹੁੰਦੀ ਹੈ।

### ਜੱਫੀ ਪਾਉਣਾ, ਚੁੰਮਣਾ ਅਤੇ ਸੈਕਸ ਕਰਨਾ (Hugging, kissing and sex)

ਆਪਣੇ ਅਜ਼ੀਜ਼ ਦੇ ਨਾਲ ਰਹਿਣਾ ਜ਼ਿੰਦਗੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਕੱਠੇ ਖਾਣਾ, ਮਨਪਸੰਦ ਗਤੀਵਿਧੀਆਂ ਦਾ ਆਨੰਦ ਲੈਣਾ, ਜੱਫੀ ਪਾਉਣਾ ਅਤੇ ਚੁੰਮਣਾ (ਡੂੰਘੇ ਚੁੰਮਣ ਤੋਂ ਬਚੋ) ਸਭ ਕੁਝ ਕਰਨਾ ਸੁਰੱਖਿਅਤ ਹੈ।

ਜਿਨਸੀ ਤੌਰ 'ਤੇ ਸਰਗਰਮ ਹੋਣਾ ਵੀ ਸੁਰੱਖਿਅਤ ਹੈ; ਪੁਰ ਸਾਵਧਾਨੀ ਵਰਤਣ ਦੀ ਲੋੜ ਹੈ। ਇਹ ਸੰਭਵ ਹੈ ਕਿ ਯੋਨੀ ਦੇ ਤਰਲ ਅਤੇ ਵੀਰਜ ਵਿੱਚ ਕੈਂਸਰ ਦੀਆਂ ਦਵਾਈਆਂ ਦੀ ਬਹੁਤ ਘੱਟ ਮਾਤਰਾ ਹੋਵੇ । ਇਸਲਈ, ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਸੰਭੋਗ ਕਰਦੇ ਸਮੇਂ ਕੰਡੋਮ ਦੀ ਵਰਤੋਂ ਕੀਤੀ ਜਾਵੇ (ਭਾਵੇਂ ਇਹ ਯੋਨੀ, ਗੁਦਾ ਜਾਂ ਮੂੰਹ) ਤਾਂਕਿ ਸ੍ਰਾਵ ਨੂੰ ਤੁਹਾਡੇ ਸਾਥੀ ਦੇ ਸਰੀਰ ਦੇ ਸੰਪਰਕ ਵਿੱਚ ਆਉਣ ਤੋਂ ਰੋਕਿਆ ਜਾ ਸਕੇ ।

ਕੈਂਸਰ ਦੀਆਂ ਕੁਝ ਦਵਾਈਆਂ ਲਈ ਹੋਰ ਸਾਵਧਾਨੀਆਂ ਦੀ ਲੋੜ ਹੋ ਸਕਦੀ ਹੈ। ਜਿਨਸੀ ਸੰਪਰਕ ਦੌਰਾਨ ਸਾਵਧਾਨ ਰਹਿਣ ਬਾਰੇ ਆਪਣੀ ਕੈਂਸਰ ਕੇਅਰ ਟੀਮ ਦੇ ਮੈਂਬਰ ਨਾਲ ਗੱਲ ਕਰੋ।

### ਬਾਥਰੂਮ ਜਾਣਾ (Going to the bathroom)

- ਮਰਦ ਮਰੀਜ਼ਾਂ ਨੂੰ ਪਿਸ਼ਾਬ ਕਰਨ ਲਈ ਬੈਠਣਾ ਚਾਹੀਦਾ ਹੈ।
- ਫਲੱਸ਼ ਕਰਨ ਤੋਂ ਪਹਿਲਾਂ, ਟਾਇਲਟ ਦੇ ਢੱਕਣ ਨੂੰ ਹੇਠਾਂ ਕਰ ਦਿਓ ।
- ਟਾਇਲਟ ਨੂੰ ਦੋ ਵਾਰ ਫਲੱਸ਼ ਕਰੋ।
- ਆਪਣੇ ਹੱਥ ਸਾਬਣ ਅਤੇ ਪਾਣੀ ਨਾਲ ਧੋਵੋ।


ਚੇਤਾਵਨੀ: ਇਹਨਾਂ ਦਿਸ਼ਾ-ਨਿਰਦੇਸ਼ਾਂ ਵਿੱਚ ਸ਼ਾਮਲ ਜਾਣਕਾਰੀ ਬੀ ਸੀ ਕੈਂਸਰ ਪੇਸ਼ੇਵਰਾਂ ਦੀ ਸਹਿਮਤੀ ਦਾ ਬਿਆਨ ਹੈ। ਇਹਨਾਂ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਜਾਂ ਸਲਾਹ ਲੈਣ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਤੋਂ ਮਰੀਜ਼ ਦੀ ਵਿਸ਼ੇਸ਼ ਸਲਾਹ ਨੂੰ ਨਿਰਧਾਰਤ ਕਰਨ ਲਈ ਵਿਅਕਤੀਗਤ ਸਥਿਤੀਆਂ ਦੇ ਸੰਦਰਭ ਵਿੱਚ ਸੁਤੰਤਰ ਨਿਰਣੇ ਦੀ ਵਰਤੋਂ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਹਨਾਂ ਦਿਸ਼ਾ-ਨਿਰਦੇਸ਼ਾਂ ਦੀ ਵਰਤੋਂ ਤੁਹਾਡੇ ਆਪਣੇ ਜੋਖਮ 'ਤੇ ਹੈ ਅਤੇ ਇਹ ਬੀ.ਸੀ. ਕੈਂਸਰ 'ਤੇ ਉਪਲਬਧ ਵਰਤੋਂ ਦੀਆਂ ਸ਼ਰਤਾਂ ਦੇ ਅਧੀਨ ਹੈ। http://www.bccancer.bc.ca/terms-of-use

- ਜੇਕਰ ਟਾਇਲਟ 'ਤੇ ਜਾਂ ਆਲੇ-ਦੁਆਲੇ ਕੋਈ ਗੰਦਗੀ ਜਾਂ ਛਿੱਟੇ ਹਨ, ਤਾਂ ਸਾਫ ਕਰਨ ਲਈ ਹਿਦਾਇਤਾਂ (ਹੇਠਾਂ) ਦੀ ਪਾਲਣਾ ਕਰੋ
- ਤੁਸੀਂ ਇੱਕੋ ਟਾਇਲਟ ਅਤੇ ਬਾਥਰੂਮ ਵਰਤ ਸਕਦੇ ਹੋ, ਜਦੋਂ ਗੰਦਗੀ ਜਾਂ ਛਿੱਟੇ ਸਾਫ਼ ਕਰ ਦਿੱਤੇ ਗਏ ਹੋਣ

ਵਿਸ਼ੇਸ਼ ਹੈਂਡਲਿੰਗ ਪੀਰੀਅਡ ਦੇ ਦੌਰਾਨ, ਜਦੋਂ ਦੇਖਭਾਲ ਕਰਨ ਵਾਲੇ ਹੇਠਾਂ ਦਿੱਤੇ ਕੰਮਾਂ ਵਿੱਚ ਮਦਦ ਕਰ ਰਹੇ ਹਨ, ਉਹਨਾਂ ਨੂੰ ਸਰੀਰ ਦੇ ਤਰਲ ਪਦਾਰਥਾਂ ਜਾਂ ਤਰਲ ਪਦਾਰਥਾਂ ਦੇ ਸੰਪਰਕ ਵਿੱਚ ਆਈਆਂ ਚੀਜ਼ਾਂ ਨੂੰ ਸੰਭਾਲਣ ਵੇਲੇ ਦਸਤਾਨੇ ਪਹਿਨਣੇ ਚਾਹੀਦੇ ਹਨ। ਦਸਤਾਨੇ ਉਤਾਰਨ ਤੋਂ ਬਾਅਦ ਹੱਥ ਧੋਣੇ ਚਾਹੀਦੇ ਹਨ।

### ਜੇ ਤੁਸੀਂ ਉਲਟੀ ਕਰਦੇ ਹੋ (If you throw up)

- ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਉਲਟੀ ਆ ਰਹੀ ਹੈ ਤਾਂ ਆਪਣੇ ਨੇੜੇ ਇੱਕ ਪਲਾਸਟਿਕ ਦੀ ਬਾਲਟੀ ਰੱਖੋ।
- ਉਲਟੀ ਨੂੰ ਟਾਇਲਟ ਵਿੱਚ ਫਲੱਸ਼ ਕੀਤਾ ਜਾ ਸਕਦਾ ਹੈ।
- ਵਰਤੋਂ ਕਰਨ ਤੋਂ ਬਾਅਦ ਬਾਲਟੀ ਨੂੰ ਸਾਬਣ ਵਾਲੇ ਪਾਣੀ ਨਾਲ ਧੋਵੋ ਅਤੇ ਡਿਸਪੋਸੇਬਲ ਪੇਪਰ ਤੌਲੀਏ ਨਾਲ ਸੁਕਾਓ।

### ਕੱਪੜੇ ਅਤੇ ਭਾਂਡੇ ਧੋਣਾ (Laundry and dishes)

- ਜੋ ਕੱਪੜੇ,ਚਾਦਰਾਂ ਅਤੇ ਤੌਲੀਏ ਗੰਦੇ ਨਹੀਂ ਹਨ, ਉਹਨਾਂ ਨੂੰ ਬਾਕੀ ਕੱਪੜਿਆਂ ਨਾਲ ਧੋਇਆ ਜਾ ਸਕਦਾ ਹੈ।
- ਗੰਦੇ ਕੱਪੜੇ, ਚਾਦਰਾਂ ਅਤੇ ਤੌਲੀਏ ਨੂੰ ਦੋ ਵਾਰ ਧੋਵੋ। ਪਹਿਲਾਂ ਗਰਮ ਪਾਣੀ ਅਤੇ ਨਿਯਮਤ ਲਾਂਡਰੀ ਡਿਟਰਜੈਂਟ ਦੀ ਵਰਤੋਂ ਕਰਦੇ ਹੋਏ ਵਾਸ਼ਿੰਗ ਮਸ਼ੀਨ ਵਿੱਚ ਹੋਰ ਕੱਪੜਿਆਂ ਤੋਂ ਅਲੱਗ ਧੋਵੋ; ਫਿਰ ਆਮ ਕੱਪੜਿਆਂ ਨਾਲ ਦੂਜੀ ਵਾਰ ਧੋਵੋ।
- ਭਾਂਡਿਆਂ ਨੂੰ ਆਮ ਤਰੀਕੇ ਨਾਲ ਧੋਵੋ - ਤੁਹਾਨੂੰ ਉਹਨਾਂ ਨੂੰ ਵੱਖਰੇ ਤੌਰ 'ਤੇ ਧੋਣ ਜਾਂ ਕੁਝ ਖਾਸ ਕਰਨ ਦੀ ਲੋੜ ਨਹੀਂ ਹੈ।

### ਫਰਨੀਚਰ ਦੀ ਸੁਰੱਖਿਆ (Protecting furniture)

- ਜੇਕਰ ਤੁਹਾਨੂੰ ਆਪਣਾ ਪਿਸ਼ਾਬ ਜਾਂ ਮੱਲ ਰੋਕਣ (ਵਿੱਚ ਮੁਸ਼ਕਲ ਆ ਰਹੀ ਹੈ, ਤਾਂ ਸੋਖਣਯੋਗ ਅੰਡਰਗਾਰਮੈਂਟਸ (ਬਾਲਗ ਡਾਇਪਰ)ਪਾਓ, ਹੇਠਾਂ ਇੱਕ ਡਿਸਪੋਸੇਬਲ ਪਲਾਸਟਿਕ ਸ਼ੀਟ ਜਿਵੇਂ ਕਿ ਇੱਕ ਵੱਡਾ ਗਾਰਬੇਜ ਬੈਗ) ਜਾਂ ਡਿਸਪੋਸੇਬਲ ਪਲਾਸਟਿਕ ਬੈਕਡ ਪੈਡ ਰੱਖੋ।
- ਆਪਣੇ ਸੋਫੇ, ਕੁਸ਼ਨਾਂ, ਕਾਰ ਦੀਆਂ ਸੀਟਾਂ ਜਾਂ ਕਾਰਪੈਟ ਨੂੰ ਸੁਰੱਖਿਅਤ ਰੱਖਣ ਲਈ ਸੋਖਣ ਵਾਲੇ ਅੰਡਰਗਾਰਮੈਂਟਸ (ਬਾਲਗ ਡਾਇਪਰ) ਪਾਓ ਕੇ ਅਤੇ ਡਿਸਪੋਸੇਬਲ ਪਲਾਸਟਿਕ ਦੀ ਸ਼ੀਟ 'ਤੇ ਤੌਲੀਆ ਰੱਖ ਕੇ ਬੈਠੋ।

### ਸਰੀਰ ਦੇ ਤਰਲ ਪਦਾਰਥਾਂ ਜਾਂ ਕੈਂਸਰ ਦੀਆਂ ਦਵਾਈਆਂ ਵਾਲੇ ਗੰਦੇ ਕੂੜੇ ਨੂੰ ਸੰਭਾਲਣਾ (Handling garbage soiled with body fluids or cancer drugs)

ਸਰੀਰ ਦੇ ਤਰਲ ਪਦਾਰਥਾਂ ਜਾਂ ਕੈਂਸਰ ਦੀ ਦਵਾਈ ਨਾਲ ਗੰਦਾ ਹੋਣ ਵਾਲੀਆਂ ਚੀਜ਼ਾਂ ਨੂੰ ਬਾਹਰ ਸੁੱਟਣ ਵੇਲੇ ਖਾਸ ਧਿਆਨ ਰੱਖਣਾ ਚਾਹੀਦਾ ਹੈ।

- ਗੰਦੀ ਵਸਤੂਆਂ ਦੀਆਂ ਉਦਾਹਰਨਾਂ ਜਿਨ੍ਹਾਂ ਨੂੰ ਵਿਸ਼ੇਸ਼ ਦੇਖਭਾਲ ਦੀ ਵਰਤੋਂ ਕਰਕੇ ਸੁੱਟਿਆ ਜਾਣਾ ਚਾਹੀਦਾ ਹੈ, ਵਿੱਚ ਸ਼ਾਮਲ ਹਨ: ਡਰੈਸਿੰਗ, ਪੱਟੀਆਂ, ਪਲਾਸਟਿਕ ਦੀਆਂ ਚਾਦਰਾਂ ਜਾਂ ਪੈਡ, ਡਿਸਪੋਜ਼ੇਬਲ ਅੰਡਰਗਾਰਮੈਂਟਸ, ਓਸਟੋਮੀ ਸਪਲਾਈ, ਕਾਗਜ਼ ਦੇ ਤੌਲੀਏ ਅਤੇ ਮੈਡੀਕਲ ਪ੍ਰੀਖਿਆ ਦੇ ਦਸਤਾਨੇ।
- ਜਿਹੜੀਆਂ ਚੀਜ਼ਾਂ ਤੁਸੀਂ ਟਾਇਲਟ ਵਿੱਚ ਫਲੱਸ਼ ਨਹੀਂ ਕਰ ਸਕਦੇ , ਉਹਨਾਂ ਨੂੰ ਇੱਕ ਪਲਾਸਟਿਕ ਕੂੜੇ ਵਾਲੇ ਬੈਗ ਵਿੱਚ ਪਾ ਦੇਣਾ ਚਾਹੀਦਾ ਹੈ, ਕੱਸ ਕੇ ਬੰਨ੍ਹਣਾ ਚਾਹੀਦਾ ਹੈ, ਫਿਰ ਇੱਕ ਦੂਜੇ ਪਲਾਸਟਿਕ ਕੂੜੇ ਵਾਲੇ ਬੈਗ ਵਿੱਚ ਪਾਓ ਅਤੇ ਨਿਯਮਤ ਕੂੜੇ ਦੇ ਨਾਲ ਬਾਹਰ ਸੁੱਟ ਦਿਓ।

### ਸਪੈਸ਼ਲ ਹੈਂਡਲਿੰਗ ਪੀਰੀਅਡ ਦੌਰਾਨ ਡਿੱਗੀ ਕੈਂਸਰ ਦੀ ਦਵਾਈ ਜਾਂ ਸਰੀਰ ਦੇ ਤਰਲ ਪਦਾਰਥ ਨੂੰ ਕਿਵੇਂ ਸਾਫ਼ ਕਰਨਾ ਹੈ (How to clean up spilled cancer drug or body fluids during the special handling period)

- ਜਿੰਨੀ ਜਲਦੀ ਹੋ ਸਕੇ ਸਫਾਈ ਕਰੋ।
- ਦਸਤਾਨੇ ਪਾਓ ਅਤੇ ਦਸਤਾਨਿਆਂ ਨੂੰ ਉਤਾਰਦੇ ਸਮੇਂ ਹੱਥ ਧੋਵੋ।
- ਜਿੱਥੋਂ ਤੱਕ ਸੰਭਵ ਹੋ ਸਕੇ ਸੋਖਣ ਅਤੇ ਪੂੰਝਣ ਲਈ ਕਾਗਜ਼ੀ ਤੌਲੀਏ ਵਰਗੀਆਂ ਡਿਸਪੋਜ਼ੇਬਲ ਸਪਲਾਈਆਂ ਦੀ ਵਰਤੋਂ ਕਰੋ, ਫਿਰ:
  - ਸਤ੍ਹਾ ਨੂੰ ਸਾਬਣ ਵਾਲੇ ਪਾਣੀ ਨਾਲ ਸਾਫ਼ ਕਰੋ (ਜਿਵੇਂ ਕਿ ਡਿਸ਼ ਡਿਟਰਜੈਂਟ)।
  - ਉਸ ਖੇਤਰ ਨੂੰ ਪਾਣੀ ਨਾਲ ਧੋਵੋ ਅਤੇ ਕਾਗਜ਼ ਦੇ ਤੌਲੀਏ ਨਾਲ ਸੁਕਾਓ।

### ਜੇ ਚਮੜੀ ਜਾਂ ਅੱਖਾਂ ਕੈਂਸਰ ਦੀ ਦਵਾਈ ਜਾਂ ਸਰੀਰ ਦੇ ਤਰਲ ਪਦਾਰਥਾਂ ਦੇ ਸੰਪਰਕ ਵਿੱਚ ਆਉਂਦੀਆਂ ਹਨ ਤਾਂ ਕੀ ਕਰਨਾ ਹੈ (What to do when skin or eyes come in contact with cancer drug or body fluids)

- ਜੇਕਰ ਕਿਸੇ ਮਰੀਜ਼ ਦੇ ਸਰੀਰ ਦੇ ਤਰਲ ਪਦਾਰਥ ਜਾਂ ਕੈਂਸਰ ਦੀ ਦਵਾਈ ਕਿਸੇ ਦੀਆਂ ਅੱਖਾਂ ਵਿੱਚ ਚਲੀ ਜਾਂਦੀ ਹੈ, ਤਾਂ ਅੱਖਾਂ ਨੂੰ 15 ਮਿੰਟਾਂ ਲਈ ਪਾਣੀ ਨਾਲ ਹੌਲੀ-ਹੌਲੀ ਧੋਵੋ ।
- ਜੇਕਰ ਚਮੜੀ ਮਰੀਜ਼ ਦੇ ਸਰੀਰ ਦੇ ਤਰਲ ਪਦਾਰਥਾਂ ਜਾਂ ਕੈਂਸਰ ਦੀ ਦਵਾਈ ਦੇ ਸੰਪਰਕ ਵਿੱਚ ਆਉਂਦੀ ਹੈ, ਤਾਂ ਪ੍ਰਭਾਵਿਤ ਖੇਤਰ ਨੂੰ ਤੁਰੰਤ ਸਾਬਣ ਅਤੇ ਪਾਣੀ ਨਾਲ ਧੋਵੋ; ਘੱਟੋ-ਘੱਟ ਇੱਕ ਵਾਰ ਦੁਹਰਾਓ ।


ਚੇਤਾਵਨੀ: ਇਹਨਾਂ ਦਿਸ਼ਾ-ਨਿਰਦੇਸ਼ਾਂ ਵਿੱਚ ਸ਼ਾਮਲ ਜਾਣਕਾਰੀ ਬੀ ਸੀ ਕੈਂਸਰ ਪੇਸ਼ੇਵਰਾਂ ਦੀ ਸਹਿਮਤੀ ਦਾ ਬਿਆਨ ਹੈ। ਇਹਨਾਂ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਜਾਂ ਸਲਾਹ ਲੈਣ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਤੋਂ ਮਰੀਜ਼ ਦੀ ਵਿਸ਼ੇਸ਼ ਸਲਾਹ ਨੂੰ ਨਿਰਧਾਰਤ ਕਰਨ ਲਈ ਵਿਅਕਤੀਗਤ ਸਥਿਤੀਆਂ ਦੇ ਸੰਦਰਭ ਵਿੱਚ ਸੁਤੰਤਰ ਨਿਰਣੇ ਦੀ ਵਰਤੋਂ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਹਨਾਂ ਦਿਸ਼ਾ-ਨਿਰਦੇਸ਼ਾਂ ਦੀ ਵਰਤੋਂ ਤੁਹਾਡੇ ਆਪਣੇ ਜੋਖਮ 'ਤੇ ਹੈ ਅਤੇ ਇਹ ਬੀ.ਸੀ. ਕੈਂਸਰ 'ਤੇ ਉਪਲਬਧ ਵਰਤੋਂ ਦੀਆਂ ਸ਼ਰਤਾਂ ਦੇ ਅਧੀਨ ਹੈ। http://www.bccancer.bc.ca/terms-of-use